
**Class – 7th**
**Subject – Mathematics**

Worksheet - 1

## ਸੰਪੂਰਨ ਸੰਖਿਆਵਾਂ (Whole numbers)

1) ਹੇਠ ਦਿੱਤੀ ਸੰਖਿਆ ਰੇਖਾ 'ਤੇ ਬਿੰਦੂ A ਕਿਸ ਸੰਖਿਆ ਨੂੰ ਦਰਸਾ ਰਿਹਾ ਹੈ?

Which of the following integer is being represented by point A on the given number line?




a) 1 (b) -7 (c) 0 (d) -1

2) a + b = b + a, ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਗੁਣ ਦਰਸਾਇਆ ਗਿਆ ਹੈ?

In a + b = b +a, which of the following property is represented?

a) ਸੰਪੂਰਨ ਸੰਖਿਆਵਾਂ ਦੇ ਜੋੜ ਦਾ ਕ੍ਰਮ ਵਟਾਂਦਰਾ ਗੁਣ Addition is commutative for integers


b) ਸੰਪੂਰਨ ਸੰਖਿਆਵਾਂ ਦੇ ਜੋੜ ਦਾ ਸਹਿਚਾਰਤਾ ਗੁਣ Addition is Associative for Integers

c) ਸੰਪੂਰਨ ਸੰਖਿਆਵਾਂ ਦੇ ਜੋੜ ਦਾ ਵੰਡਕਾਰੀ ਗੁਣ Addition is Distributive for Integers

d) ਸੰਪੂਰਨ ਸੰਖਿਆਵਾਂ ਦੇ ਜੋੜ ਦਾ ਬੰਦ ਗੁਣ Integers are closed under addition

3) ਦਿੱਤੀ ਸੰਖਿਆ ਰੇਖਾ ਨੂੰ ਦੇਖ ਕੇ ਪਤਾ ਕਰੋ ਕਿ ਹੇਠਾਂ ਦਿੱਤਿਆ ਵਿੱਚੋਂ ਕਿਸ ਦਾ ਮੁੱਲ ਸਭ ਤੋਂ ਜਿਆਦਾ ਹੋਵੇਗਾ?

By observing the given number line, find which of the following will have the maximum value?




a) a+b b) b-a c) ab d) a/b

4) ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਗਲਤ ਹੈ?

Which of the following statement is false?

a) -7+(-6) =-13 b) -5+1=4 c) 2+(-1)=1 d) 8+(-9)=-1

5) ਉਹ ਸੰਪੂਰਨ ਸੰਖਿਆ ਜਿਸਦਾ -1 ਨਾਲ ਗੁਣਨਫਲ -20 ਹੋਵੇ:

The integer whose product with -1 is -20:

a) -20 b) 20 c) 40 d) -40

6) ਹੇਠ ਲਿਖਿਆ ਵਿੱਚੋਂ ਕਿਹੜਾ ਕਥਨ ਗਲਤ ਹੈ?

Which of the following statement is false?

a) 0 ÷ 2=0 (b) -25 ÷ 5 = -5 (c) 12 ÷ 0 = 12 (d) -4 ÷ 1 = -4

7) ਹੇਠ ਲਿਖਿਆਂ ਵਿੱਚੋਂ ਕਿਹੜੀਆਂ ਦੋ ਸੰਖਿਆਵਾਂ ਦਾ ਜੋੜ −5 ਹੈ?

Which of the following pair of integers has its sum -5?

a) 10, -5 b) -10, -5 c) -10, 5 d) 10, 5

8) 10 ਪ੍ਰਸ਼ਨਾਂ ਵਾਲੇ ਇੱਕ ਜਮਾਤ ਟੈਸਟ ਵਿੱਚ ਹਰੇਕ ਠੀਕ ਉੱਤਰ ਲਈ 4 ਅੰਕ ਦਿੱਤੇ ਜਾਂਦੇ ਹਨ ਅਤੇ ਗਲਤ ਉੱਤਰ ਦੇ −2 ਅੰਕ ਦਿੱਤੇ ਜਾਂਦੇ ਹਨ। ਜੇ ਗੁਰਪ੍ਰੀਤ ਸਾਰੇ ਪ੍ਰਸ਼ਨਾਂ ਨੂੰ ਹੱਲ ਕਰਦੀ ਹੈ, ਪਰੰਤੂ ਉਸਦੇ ਉੱਤਰਾਂ ਵਿੱਚੋਂ ਕੇਵਲ 6 ਠੀਕ ਹਨ। ਤਾਂ ਉਸਨੇ ਕਿੰਨੇ ਅੰਕ ਪ੍ਰਾਪਤ ਕੀਤੇ?

In a class test containing 10 questions, 4 marks are given for every correct answer and (–2) marks are given for every incorrect answer. Gurpreet attempts all questions but only 6 of her answers are correct. What is her total score?

a) 20 b) 12 c) 10 d) 0

9) ਹੱਲ ਕਰੋ : Solve: -156 ÷ 12

a) 13 b) -13 c) 12 d) -12

10) ਇੱਕ ਰਿਣਾਤਮਕ ਸੰਪੂਰਨ ਸੰਖਿਆ ਨੂੰ ਕਿਸੇ ਹੋਰ ਰਿਣਾਤਮਕ ਸੰਪੂਰਨ ਸੰਖਿਆ ਨਾਲ ਭਾਗ ਕਰਨ ਤੇ ਭਾਗਫਲ ਪ੍ਰਾਪਤ ਹੋਵੇਗਾ? On dividing a negative integer by a negative integer, the quotient will be:

a) ਹਮੇਸ਼ਾ ਰਿਣਾਤਮਕ Always negative b) ਹਮੇਸ਼ਾ ਧਨਾਤਮਕ Always positive

c) ਧਨਾਤਮਕ ਜਾਂ ਰਿਣਾਤਮਕ positive or negative d) ਇਹਨਾਂ ਵਿੱਚੋਂ ਕੋਈ ਨਹੀਂ None of these

11) ਹੇਠ ਲਿਖਿਆਂ ਵਿੱਚੋਂ ਕਿਹੜਾ ਤਾਪਮਾਨ ਵਿੱਚ ਸਭ ਤੋਂ ਵੱਧ ਵਾਧਾ ਦਰਸਾਉਂਦਾ ਹੈ?

Which of the following shows the maximum rise in temperature?

a) 73°C to 82°C b) – 5°C to 5°C c) – 28°C to – 21°C d) – 10°C to + 1°C

12) 0 ÷ (-10) ਦਾ ਮੁੱਲ ਹੈ :

The value of 0 ÷ (-10)

a) 0 b) -1 c) --10 d) 1

13) ਸਭ ਤੋਂ ਵੱਡੀ ਰਿਣਾਤਮਕ ਸੰਪੂਰਨ ਸੰਖਿਆ ਕਿਹੜੀ ਹੈ?

Which is the largest negative integer?

14) ਸਭ ਤੋਂ ਵੱਡੀ ਧਨਾਤਮਕ ਸੰਪੂਰਨ ਸੰਖਿਆ ਕਿਹੜੀ ਹੈ?

Which is the largest positive integer?

15) $\frac{3}{2}$ X $\frac{2}{3}$ = ……….

a) 1 b) $\frac{5}{6}$ c) 3 d) $\frac{6}{5}$

16) $\frac{3}{4}$ ਦਾ ਉੱਲਟਕ੍ਰਮ ਹੈ : Reciprocal of $\frac{3}{4}$

a) $\frac{3}{4}$ b) $\frac{4}{3}$ c) $\frac{-3}{4}$ d) $\frac{-4}{3}$

17) ਹੇਠ ਲਿਖਿਆ ਸੰਪੂਰਨ ਸੰਖਿਆਵਾਂ ਨੂੰ ਘਟਦੇ ਕ੍ਰਮ ਵਿੱਚ ਲਿਖੋ।

Arrange the following in ascending order:

0, -7, 0, -6, -20, 8

18. ਸਰਲ ਕਰੋ : Solve : $12 - [\,8 + 27 \div (\,2 \times 8 - 7\,)$

19. 15 ਪ੍ਰਸ਼ਨਾਂ ਵਾਲੇ ਇੱਕ ਜਮਾਤ ਟੈਸਟ ਵਿੱਚ ਹਰੇਕ ਠੀਕ ਉੱਤਰ ਲਈ 2 ਅੰਕ ਦਿੱਤੇ ਜਾਂਦੇ ਹਨ ਅਤੇ ਗਲਤ ਉੱਤਰ ਦੇ −1 ਅੰਕ ਦਿੱਤੇ ਜਾਂਦੇ ਹਨ।ਜੇ ਕਿਤ੍ਰਿਕਾ ਸਾਰੇ ਪ੍ਰਸ਼ਨਾਂ ਨੂੰ ਹੱਲ ਕਰਦੀ ਹੈ, ਪਰੰਤੂ ਉਸਦੇ ਉੱਤਰਾਂ ਵਿੱਚੋਂ ਕੇਵਲ 7 ਠੀਕ ਹਨ। ਤਾਂ ਉਸਨੇ ਕਿੰਨੇ ਅੰਕ ਪ੍ਰਾਪਤ ਕੀਤੇ?

In a class test containing 15 questions, 2 marks are given for every correct answer and (–1) marks are given for every incorrect answer. Kritika attempts all questions but only 7 of her answers are correct. What is her total score?

21. ਹੱਲ ਕਰੋ : Solve :

$(-12) - (-17) + (-25)$

22. ਹੱਲ ਕਰੋ : Solve

$(-8) \times (-5) \times 9$

23. ਹੱਲ ਕਰੋ : Solve

$125 \div [\,5 \div (-1)\,]$

24. ਹੱਲ ਕਰੋ : Solve

$25 \div 5 \times 5$

# WORKSHEET – 2

## ਭਿੰਨਾਂ ਅਤੇ ਦਸ਼ਮਲਵ (Fraction and Decimal)

1) ਹੇਠ ਦਿੱਤੀਆਂ ਵਿੱਚੋਂ ਸਭ ਤੋਂ ਵੱਡੀ ਸੰਖਿਆ ਚੁਣੋ:

Which of the following number is the greatest?

a) 0.05 x 10 b) 0.5 x 100 c) 0.05 x 100 d) 0.5 x 1

2) 0.02 x 1000 = _________

a) 2 b) 20 c) 200 d) 2000

3) ਹੇਠਾਂ ਦਿੱਤਿਆਂ ਵਿੱਚੋਂ ਕਿਹੜੀਆਂ ਦਸ਼ਮਲਵ ਸੰਖਿਆਵਾਂ ਘੱਟਦੇ ਕ੍ਰਮ ਵਿੱਚ ਹਨ?

Which of the following decimal numbers are in descending order?

a) 0.434, 0.48, 0.344, 0.349 b) 0.494, 0.49, 0.41, 0.4

c) 0.345, 0.33, 0.3, 0.434 d) 0.4, 0.31, 0.410, 0.444

4) $(1-\frac{1}{2})(1-\frac{1}{3})\ (1-\frac{1}{4})$ ਦਾ ਗੁਣਨਫਲ:

The product of $(1-\frac{1}{2})(1-\frac{1}{3})\ (1-\frac{1}{4})$ is:

a) $\frac{1}{3}$ b) $\frac{1}{4}$ c) $\frac{1}{12}$ d) $\frac{1}{2}$

5) $\frac{11}{x}$ ਇੱਕ ਭਿੰਨ ਹੈ ਜੋ ਕਿ $\frac{1}{5}$ ਅਤੇ $\frac{1}{6}$ ਦੇ ਵਿੱਚਕਾਰ ਹੈ। '$x$' ਦੀ ਜਗ੍ਹਾਂ 'ਤੇ ਕਿਹੜੀ ਸੰਪੂਰਨ ਸੰਖਿਆਂ ਆਵੇਗੀ?

$\frac{11}{x}$ is a fraction that lies between $\frac{1}{5}$ and $\frac{1}{6}$. Which of the following integer is value of x?

a) 60 b) 30 c) 20 d) 15

6) 53.07 ਲਈ ਵਿਸਤ੍ਰਿਤ ਰੂਪ ਲਭੋ:


Choose the expanded form of 53.07:

a) $5 \times 100 + \ 3 \times 1 + 7 \times \frac{1}{100}$ b) $5 \times 10 + \ 3 \times 1 + 7 \times \frac{1}{10}$

c) $5 \times 1 + \ 3 \times 10 + 7 \times \frac{1}{100}$ d) $5 \times 10 + \ 3 \times 1 + 7 \times \frac{1}{100}$

7) ਪ੍ਰਤੀਸ਼ਤ, ਜੋ ਚਿੱਤਰ ਵਿੱਚ ਦਰਸਾਏ ਨਾ-ਛਾਇਆ ਅੰਕਿਤ ਭਾਗ ਨੂੰ ਦਰਸਾਉਂਦਾ ਹੈ ।


The per cent that represents the unshaded region in the figure.



a) 75% b) 50% c) 40% d) 60%

8) ਦਿੱਤੇ ਗਏ ਚਿੱਤਰ ਵਿੱਚ ਹੇਠ ਲਿਖਿਆਂ ਵਿੱਚੋਂ ਕੀ ਦਰਸਾਇਆ ਗਿਆ ਹੈ?

Which of the following is represented in the given figure?



(a) 3 x $\frac{2}{9}$ b) 2 x 3 c) 6 x $\frac{1}{2}$ d) 3 x $\frac{2}{6}$

9) ਜੇਕਰ $\frac{861.25}{34.45} = 25$, ਤਾਂ $\frac{8612.5}{344.5} = ?$

If $\frac{861.25}{34.45} = 25$, then $\frac{8612.5}{344.5} = ?$

a) 2.5 b) 25 c) 250 d) 2500

10) ਸੰਖਿਆਵਾਂ 1.1, 2.1 ਅਤੇ 3.1 ਦੀ ਔਸਤ ਕਿੰਨੀ ਹੈ?

What is mean of numbers 1.1, 2.1, and 3.1?

a) 2.5 b) 1.1 c) 2.1 d) 6.3

11) $\frac{7}{5} \times \frac{15}{21}$ ਦਾ ਮੁੱਲ ਪਤਾ ਕਰੋ।

Find the value of $\frac{7}{5} \times \frac{15}{21}$ ?

a) 3 b) 2 c) 1 d) 4

12) $\frac{2}{-5} \times \frac{-5}{2} =$ _______

a) 0 b) 1 c) 10 d) 100

13) 27 ਦਾ $\frac{2}{3}$ : $\frac{2}{3}$ of 27 = ...........

a) 48 b) 18 c) 16 d) 24

14) $\frac{3}{4}$ ਦਾ ਉੱਲਟਕ੍ਰਮ ਹੈ : Reciprocal of $\frac{3}{4}$

a) $\frac{3}{4}$ b) $\frac{4}{3}$ c) $\frac{-3}{4}$ d) $\frac{-4}{3}$

15) 13.05 ਵਿੱਚ 5 ਦਾ ਸਥਾਨਕ ਮੁੱਲ ਕੀ ਹੈ?

Place value of 5 in 13.05:

a) 5 b) 50 c) 5/10 d) 5/100

16) ਵਿਸ਼ਾਲ ਆਪਣੇ ਮੋਟਰਸਾਇਕਲ ਦੇ ਟੈਂਕ ਜੋ ਕਿ $11\frac{1}{2}$ ਲਿਟਰ ਦਾ ਹੈ ਨੂੰ ਭਰਨਾ ਚਾਹੁੰਦਾ ਹੈ। ਉਹ ਇਸ ਟੈਂਕ ਨੂੰ ਇੱਕ $\frac{1}{2}$ ਲਿਟਰ ਦੀ ਬੋਤਲ ਨਾਲ ਭਰਦਾ ਹੈ । ਉਸ ਨੂੰ ਪੂਰਾ ਟੈਂਕ ਭਰਨ ਲਈ ਕਿੰਨੀਆਂ ਬੋਤਲਾ ਦੀ ਜਰੂਰਤ ਹੈ?

Vishal wants to fill his motorbike tank which is of $11\frac{1}{2}$ liters. He is trying to fill it with bottle which can hold $\frac{1}{2}$ liters of oil. How many bottles are required to fill the tank?

a) 21 b)22 c) 23 d) 25

17) 8 ਘੰਟੇ ਦਿਨ ਦਾ ਕਿੰਨਵਾਂ ਹਿੱਸਾ ਦਰਸਾਉਂਦੇ ਹਨ?

What fraction is 8 hours of 1 day?

a) $\frac{1}{2}$ b) $\frac{1}{3}$ c) $\frac{8}{60}$ d) $\frac{2}{3}$

18) $\frac{5}{7} \div \frac{7}{5} = ?$

a) 1 b) $\frac{49}{25}$ c) $\frac{25}{49}$ d) 0

19) 5 ਕਿਲੋ 20 ਗ੍ਰਾਮ ਦਾ ਦਸ਼ਮਲਵ ਰੂਪ ਕਿੰਨਾ ਹੈ?

What is decimal representation of 5 kg 20 grams?

a) 5.2 ਕਿਲੋਗ੍ਰਾਮ kg
b) 5.20 ਕਿਲੋਗ੍ਰਾਮ kg
c) 5.02 ਕਿਲੋਗ੍ਰਾਮ kg
d) 0.52 ਕਿਲੋਗ੍ਰਾਮ kg

20) ਦਲਬੀਰ ਨੇ ¾ ਘੰਟੇ ਲਈ ਕਸਰਤ ਕੀਤੀ ਅਤੇ ਰਣਜੀਤ ਨੇ 7/9 ਘੰਟੇ ਲਈ ਕਸਰਤ ਕੀਤੀ । ਦੋਵਾਂ ਵਿੱਚੋਂ ਕਿਸ ਨੇ ਵੱਧ ਸਮੇਂ ਲਈ ਕਸਰਤ ਕੀਤੀ? Dalbir exercised for ¾ of an hour and Ranjit exercised for 7/9 of an hour. Who exercised for a longer time?

21) ਹੱਲ ਕਰੋ $3\frac{5}{6}$ ਦਾ $\frac{1}{2}$ Solve $\frac{1}{2}$ of $3\frac{5}{6}$

22) ਇੱਕ ਕਿਤਾਬ ਦੀ ਕੀਮਤ $117\frac{1}{2}$ ਰੁਪਏ ਹੈ ਤਾਂ 8 ਕਿਤਾਬਾਂ ਦੀ ਕੀਮਤ ਪਤਾ ਕਰੋ। If cost of one book is Rs. $117\frac{1}{2}$ then find cost of 8 books.

23. ਭਿੰਨਾਂ ਨੂੰ ਗੁਣਾ ਕਰੋ: Multiply fractions

$2\frac{2}{3}$ X $3\frac{5}{8}$

24) ਹੱਲ ਕਰੋ $5\frac{1}{2} \div 2\frac{1}{5}$ Solve $5\frac{1}{2} \div 2\frac{1}{5}$

25) ਇੱਕ ਮੀਟਰ ਕਪੜੇ ਦਾ ਮੁੱਲ 75.80 ਰੁਪਏ ਹੈ । 4.75 ਮੀਟਰ ਕਪੜੇ ਦਾ ਮੁੱਲ ਪਤਾ ਕਰੋ।

Cost of one meter cloth is 75.80 rupees. Find the cost of 4.75 meter of cloth.

26) ਹੱਲ ਕਰੋ : 2.75 X 1.1

Solve : 2.75 X 1.1

## WORKSHEET – 3

## ਭਿੰਨਾਂ ਅਤੇ ਦਸ਼ਮਲਵ (Decimal and fractions)

1. $1.5 \times 8$ = …………………..

   a) 1.2 b) 15 c) 12 d) 1.5

2. $27.5 \div 1000$ = ……………….

   a) 2750 b) 27500 c) 275 d) 275000

3. ਇੱਕ ਗੱਡੀ 2.4 ਲਿਟਰ ਪੈਟਰੋਲ ਵਿੱਚ 43.2 ਕਿ.ਮੀ. ਦੀ ਦੂਰੀ ਤੈਅ ਕਰਦੀ ਹੈ।1 ਲਿਟਰ ਪੈਟਰੋਲ 'ਚ ਤੈਅ ਕੀਤੀ ਦੂਰੀ =?

   A vehicle covers a distance of 43.2 km in 2.4 litres of petrol. Distance covered in one litre of petrol =?

   a) 18 b) 15 c) 12 d) 20

4. $\frac{2}{7}$ ਅਤੇ $\frac{3}{4}$ ਦਾ ਜੋੜ ………… ਹੈ।

   Sum of $\frac{2}{7}$ and $\frac{3}{4}$ is …………

   a) $\frac{29}{28}$ b) $\frac{6}{11}$ c) $\frac{25}{28}$ d) 1

5. 35 ਦਾ $\frac{5}{7}$ = ……… $\frac{5}{7}$ of 35 is …………….

   a) 20 b) 15 c) 25 d) 30

6. 213 + 2.013 + .213 + 2.0013 =

   a) 217.2273 b) 21.72273 c) 2172.273 d) 217.2773

7. ਜੇ ਇੱਕ ਇੰਚ 2.54 ਸੈ.ਮੀ ਦੇ ਬਰਾਬਰ ਹੋਵੇ ਤਾਂ 100 ਇੰਚ ਵਿੱਚ ਕਿੰਨੇ ਸੈ.ਮੀ ਹੋਣਗੇ?

   If one inch is equal to 2.54cm. how many cm are there in 100 inch?

   a) 0.0254 b) 25.4 c) 254 d) 25400

8. ਇਹਨਾਂ ਅੰਕਾਂ ਨੂੰ ਘਟਦੇ ਕ੍ਰਮ ਵਿੱਚ ਲਿਖੋ: 0.04, 0.4, 0.47, 0.404

   Arrange these numbers into descending order 0.04, 0.4, 0.47, 0.404

   a) 0.04, 0.4, 0.47, 0.404 b) 0.04, 0.47, 0.4, 0.404
   c) 0.404, 0.4, 0.47, 0.04 d) 0.47, 0.404, 0.4, 0.04

9. 0.75 ਨੂੰ ਪ੍ਰਤੀਸ਼ਤ ਵਿੱਚ ਬਦਲੋ?

   Convert 0.75 into percentage

   a) 75 % b) 7.5% c) 0.75 % d) none of these

10. ਸੰਖਿਆ $11 + \frac{11}{10} + \frac{11}{100} + \frac{11}{1000}$ ਦਾ ਦਸ਼ਮਲਵ ਰੂਪ:

    The decimal form of $11 + \frac{11}{10} + \frac{11}{100} + \frac{11}{1000}$ is :

    a) 11.448 b) 12.884 c) 12.221 d) 13.284

11. 3.33 + 0.444 – 55.5 + 222 = ……

    a) 170.274 b) 0.444 c) 1.554 d) none of these

12. ਅਇਤ ਦਾ ਖੇਤਰਫਲ ਪਤਾ ਕਰੋ ਜਿਸਦੀ ਲੰਬਾਈ ਅਤੇ ਚੌੜਾਈ ਕ੍ਰਮਵਾਰ 7.1 ਸਮ ਅਤੇ 35 ਸਮ ਹੋਵੇ?

Length and breadth of a rectangle is 7.1 cm and 35 cm respectively. Calculate its area?

a) 24.85 b) 248.5 c) 42.1 d) 84.2

13. ਜੇ x/0.2 = 0.34, ਤਾਂ x ਦਾ ਮੁੱਲ ਕੀ ਹੋਵੇਗਾ?

If x/0.2 = 0.34, then find the value of x?

a) 1.7 b) 0.68 c) 0.068 d) 0.17

14. ਭਿੰਨਾਂ ਨੂੰ ਗੁਣਾ ਕਰਕੇ ਨਿਊਨਤਮ ਰੂਪ ਵਿੱਚ ਲਿਖੋ:

Multiply fractions and write in simplest form

$\frac{1}{3} \times \frac{15}{8}$

15. ਹੱਲ ਕਰੋ: Solve $4 + \frac{7}{8}$

16. ਤਾਰ ਦੇ ਇੱਕ ਟੁਕੜੇ ਨੂੰ 15 ਬਰਾਬਰ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਜੇਕਰ ਇੱਕ ਭਾਗ ਦੀ ਲੰਬਾਈ 2.03 ਮੀਟਰ ਹੈ ਤਾਂ ਤਾਰ ਦੀ ਕੁੱਲ ਲੰਬਾਈ ਪਤਾ ਕਰੋ। A piece of wire is divided into 15 equal parts. If length of each part of the wire is 2.03 meter, then find the total length of the wire.

17. ਰਾਹੁਲ ਹਰ ਮਹੀਨੇ 44000 ਰੁਪਏ ਕਮਾਉਂਦਾ ਹੈ। ਉਹ ਹਰ ਮਹੀਨੇ ਆਪਣੀ ਆਮਦਨ ਦਾ ¾ ਖਰਚ ਕਰਦਾ ਹੈ ਅਤੇ ਬਾਕੀ ਆਮਦਨ ਦੀ ਬੱਚਤ ਕਰਦਾ ਹੈ । ਉਸ ਦੀ ਮਹੀਨਾਵਾਰ ਬੱਚਤ ਪਤਾ ਕਰੋ।

Rahul earns 44000 rupee per month. He spent ¾ of this income every month and saves the rest of his earning. Find his monthly savings.

18. ਜੇਕਰ ਇੱਕ ਕਾਰ $105\frac{1}{3}$ ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚਲਦੀ ਹੈ ਤਾਂ $3\frac{2}{3}$ ਘੰਟਿਆਂ ਵਿੱਚ ਕਾਰ ਦੁਆਰਾ ਤੈਅ ਕੀਤੀ ਦੂਰੀ ਪਤਾ ਕਰੋ।

If the speed of a car is $105\frac{1}{3}$ km/hr. Find the distance covered by it in $3\frac{2}{3}$ hours.

19) ਦਸ਼ਮਲਵ ਸੰਖਿਆ 40.38 ਦਾ ਵਿਸਤ੍ਰਿਤ ਰੂਪ ਲਿਖੋ।
Write expanded form of 40.38

20) 350 ਮੀਟਰ ਨੂੰ ਕਿਲੋਮੀਟਰ ਵਿੱਚ ਬਦਲੋ।
Convert 350 meter into Km

21) ਮੁੱਲ ਪਤਾ ਕਰੋ:
Find the value 2.71 X 12

22) ਰਮੇਸ਼ ਰੋਜ਼ਾਨਾ $5\frac{2}{3}$ ਘੰਟੇ ਲਈ ਪੜਾਈ ਕਰਦਾ ਹੈ। ਉਹ ਇਸ ਵਿੱਚੋਂ $2\frac{4}{5}$ ਘੰਟੇ ਸਾਇੰਸ ਅਤੇ ਗਣਿਤ ਲਈ ਲਗਾਉਂਦਾ ਹੈ। ਉਹ ਬਾਕੀ ਵਿਸ਼ਿਆਂ ਲਈ ਕਿੰਨਾਂ ਸਮਾਂ ਲਗਾਉਂਦਾ ਹੈ? Ramesh studies for $5\frac{2}{3}$ hours daily. He devotes $2\frac{4}{5}$ hours of his time for science and mathematics. How much time he devotes for other subjects?

23) ਇੱਕ ਆਇਤਾਕਾਰ ਪਲਾਟ ਦੀ ਲੰਬਾਈ $29\frac{3}{7}$ ਮੀਟਰ ਹੈ।ਜੇਕਰ ਪਲਾਟ ਦੀ ਚੌੜਾਈ $12\frac{8}{11}$ ਮੀਟਰ ਹੈ ਤਾਂ ਪਲਾਟ ਦਾ ਖੇਤਰਫਲ ਪਤਾ ਕਰੋ। If length of a rectangular plot is $29\frac{3}{7}$ m and breadth is $12\frac{8}{11}$m. Find the area of the plot.

24) ਗੁਣਨਫਲ ਪਤਾ ਕਰੋ: Find the product

(i) 0.02 X 1000

(ii) 9.7 X 100

## WORKSHEET 4

## ਅੰਕੜਾ ਪ੍ਰਬੰਧਨ (Data Analysis)

1) ਇੱਕ ਡੱਬੇ ਵਿੱਚ 6 ਕਾਰਡ ਹਨ, ਜਿਨਾਂ 'ਤੇ 1 ਤੋਂ 6 ਤੱਕ ਸੰਖਿਆਵਾਂ ਲਿਖੀਆਂ ਹਨ। ਅਚਾਨਕ ਕੱਢੇ ਜਾਣ ਤੇ ਸੰਖਿਆ 6 ਵਾਲਾ ਕਾਰਡ ਪ੍ਰਾਪਤ ਹੋਣ ਦੀ ਸੰਭਾਵਨਾ ਪਤਾ ਕਰੋ।

   There are 6 cards in a box on which numbers 1 to 6 are written. Find the probability of choosing a card having number 6 on it?

   a) $\frac{1}{6}$   b) 1   c) 6   d) 0

2) ਹੇਠ ਲਿਖਿਆਂ ਵਿੱਚੋਂ ਕਿਹੜਾ ਹੋ ਸਕਦਾ ਹੈ ਪਰ ਨਿਸ਼ਚਿਤ ਰੂਪ ਵਿੱਚ ਨਹੀਂ :

   Which of the following events can happen but not certainly?

   a) ਸੂਰਜ ਦਾ ਪੂਰਬ ਵੱਲੋਂ ਨਿਕਲਣਾ।
      The Sun rises from the East

   b) ਮੈਂ ਹਿਸਾਬ ਦੇ ਟੈਸਟ ਵਿੱਚ 20 ਵਿੱਚੋਂ 20 ਅੰਕ ਪ੍ਰਾਪਤ ਕਰਾਂਗਾ।
      I will score 20 out of 20 in Mathematics test

   c) ਇਸ ਸਾਲ ਮੇਰੀ ਉਮਰ ਪਿਛਲੇ ਸਾਲ ਤੋਂ ਵੱਧ ਹੈ।
      This year my age is greater than my previous year's age

   d) ਅੱਜ ਆਸਮਾਨ ਵਿੱਚ ਬੱਦਲ ਹਨ, ਇਸ ਲਈ ਬਾਰਿਸ਼ ਹੋਵੇਗੀ।
      It will rain today because there are clouds in the sky

3) ਹੇਠ ਲਿਖੇ ਕਥਨਾਂ ਵਿੱਚੋਂ ਕਿਹੜਾ ਕਥਨ ਸਹੀ ਹੈ?

   Which of the following statement is true?

   a) ਮੱਧਮਾਨ ਦਿੱਤੇ ਗਏ ਅੰਕੜਿਆਂ ਵਿੱਚੋਂ ਇੱਕ ਸੰਖਿਆ ਹੁੰਦੀ ਹੈ।
      Mean is one of the values of the given data.

   b) ਬਹੁਲਕ ਦਿੱਤੇ ਗਏ ਅੰਕੜਿਆਂ ਵਿੱਚੋਂ ਹਮੇਸ਼ਾ ਇੱਕ ਸੰਖਿਆ ਹੁੰਦੀ ਹੈ।
      Mode is always one of the values of the given data.

   c) ਮੱਧਿਕਾ ਦਿੱਤੇ ਗਏ ਅੰਕੜਿਆਂ ਵਿੱਚੋਂ ਹਮੇਸ਼ਾ ਇੱਕ ਸੰਖਿਆ ਹੁੰਦੀ ਹ
      Median is always one of the values of the given data.

   d) ਉਪਰੋਕਤ ਵਿੱਚੋਂ ਕੋਈ ਨਹੀਂ। None of these.

4) ਹੇਠ ਦਿੱਤਿਆ ਵਿੱਚੋਂ ਕਿਹੜਾ ਕੇਂਦਰੀ ਪ੍ਰਵਿਰਤੀ ਦਾ ਮਾਪ ਹਨੀਂ ਹੈ?

   Which of the following is not a measure of central tendency of a data?

   a) ਮੱਧਮਾਨ Mean   b) ਮੱਧਿਕਾ Median   c) ਬਹੁਲਕ Mode   d) ਵਿਚਲਨ ਸੀਮਾ Range

5) ਅੰਕੜਿਆਂ 8, 5, 2, 2, 0, 2, 7, 5, 0, 2, 1, 9 ਦਾ ਬਹੁਲਕ ਹੈ:

   What is the mode of following data : 8, 5, 2, 2, 0, 2, 7, 5, 0, 2, 1, 9

   a) 9   b) 2   c) 3   d) 0

6) ਪਹਿਲੀਆਂ ਪੰਜ ਟਾਂਕ ਸੰਖਿਆਵਾਂ ਦਾ ਮੱਧਮਾਨ ਕਿੰਨਾ ਹੋਵੇਗਾ?

   What is mean of first five odd numbers?

   a) 5   b) 7   c) 3   d) 1

7) ਕਿਸੇ ਅਸੰਭਵ ਘਟਨਾ ਦੀ ਸੰਭਾਵਨਾ ਕਿੰਨੀ ਹੈ?
What is probability of an impossible event?
a) 0 b) 1 c) 100 d) ਕੁੱਝ ਕਹਿ ਨਹੀਂ ਸਕਦੇ (Can't say anything)

8) 1, 3, 5, 7 ਅਤੇ 9 ਦਾ ਮੱਧਮਾਨ ਹੋਵੇਗਾ:
The mean of 1, 3, 5, 7 and 9 is:
a) 6 b) 4 c) 5 d) 0

9) ਸੰਖਿਆਵਾਂ 2, 0, 4, 12, 10, 6, 8, 5, 7 ਦੀ ਮੱਧਿਕਾ ਹੈ:
The median of numbers 2, 0, 4, 12, 10, 6, 8, 5, 7 is:
a) 6 b) 0 c) 5 d) 7

10) 'GIRL 'ਸ਼ਬਦ ਦੇ ਅੱਖਰਾਂ ਵਿੱਚੋਂ 'G' ਅੱਖਰ ਚੁਣੇ ਜਾਣ ਦੀ ਸੰਭਾਵਨਾ ................. ਹੈ।
The probability of selecting letter 'G' from letters of word 'GIRL' is ………………
a) 1/4 b) 2/4 c) 3/4 d) 1/3

11) ਗਣਿਤ ਦੀ ਇੱਕ ਪ੍ਰੀਖਿਆ ਵਿੱਚ **ਬੱਚਿਆਂ ਦੁਆਰਾ ਪ੍ਰਾਪਤ ਅੰਕ** 86, 76, 90, 85, 39, 48, 56, 95, 81 ਅਤੇ 75 ਹਨ। ਵਿਚਲਨ ਸੀਮਾ ਅਤੇ **ਮੱਧਮਾਨ** ਕਿੰਨਾ **ਹੋਵੇਗਾ**? In a mathematics test students got following marks 86, 76, 90, 85, 39, 48, 56, 95, 81 and 75, then what is range and average of these marks?

12) ਇੱਕ ਜਮਾਤ ਦੇ 15 ਵਿਦਿਆਰਥੀਆਂ ਦਾ ਭਾਰ (ਕਿਲੋਗ੍ਰਾਮਾਂ ਵਿੱਚ) ਇਸ ਪ੍ਰਕਾਰ ਹੈ:
Weight of 15 students (In kg) is given above.
38, 42, 35, 37, 45, 50, 32, 43, 43, 40, 36, 38, 43, 38, 47
(i) ਅੰਕੜਿਆਂ ਦਾ ਬਹੁਲਕ ਅਤੇ ਮੱਧਿਕਾ ਪਤਾ ਕਰੋ। Find Median and Mode of the given data
(ii) ਕੀ ਇਹਨਾਂ ਦੇ ਇੱਕ ਤੋਂ ਵੱਧ ਬਹੁਲਕ ਹਨ? Is there more than one mode?

13) **ਇੱਕ ਕ੍ਰਿਕਟਰ ਆਪਣੀਆਂ ਅੱਠ ਪਾਰੀਆਂ ਵਿੱਚ ਹੇਠ ਲਿਖੇ ਸਕੋਰ ਬਣਾਉਂਦਾ ਹੈ**: 58, 46, 76, 40, 35, 45, 0 **ਅਤੇ** 100, **ਔਸਤ ਸਕੋਰ ਪਤਾ ਕਰੋ।** A cricketer scores the following below runs in his eight innings: 58, 46, 76, 40, 35, 45, 0 and 100. Determine the mean score.

| ਵਿਸ਼ਾ(Subject) | ਅੰਗਰੇਜ਼ੀ English | ਹਿੰਦੀ Hindi | ਗਣਿਤ Maths | ਵਿਗਿਆਨ Science | ਸਮਾਜਿਕ ਵਿਗਿਆਨ Social Studies |
|---|---|---|---|---|---|
| ਪਹਿਲਾ ਸਮੈਸਟਰ(ਵੱਧ ਤੋਂ ਵੱਧ 100 ਅੰਕ) 1st Term(M.M. 100) | 67 | 72 | 88 | 81 | 73 |
| ਦੂਜਾ ਸਮੈਸਟਰ(ਵੱਧ ਤੋਂ ਵੱਧ 100 ਅੰਕ)2nd Term(M.M. 100) | 70 | 65 | 95 | 85 | 75 |

14) ਇੱਕ ਵਿਦਿਆਰਥੀ ਦੇ ਪਹਿਲੇ ਅਤੇ ਦੂਜੇ ਸਮੈਸਟਰ ਦੀ ਕਾਰਗੁਜ਼ਾਰੀ ਦਿੱਤੀ ਹੋਈ ਹੈ।

The performance of students in 1st Term and 2nd Term is given.

1) ਕਿਸ ਵਿਸ਼ੇ ਵਿੱਚ ਕਾਰਗੁਜ਼ਾਰੀ ਵਿੱਚ ਸਭ ਤੋਂ ਵੱਧ ਸੁਧਾਰ ਹੋਇਆ? In which subject the student improved the most?

2) ਕਿਸ ਵਿਸ਼ੇ ਵਿੱਚ ਸ਼ਭ ਤੋਂ ਘੱਟ ਸੁਧਾਰ ਹੋਇਆ? Lowest improvement in which subject?

15) ਇੱਕ ਥੈਲੇ ਵਿੱਚ 5 ਚਿੱਟੀਆਂ ਅਤੇ 9 ਲਾਲ ਗੇਂਦਾਂ ਹਨ। ਬਿਨਾਂ ਦੇਖੇ ਥੈਲੇ ਵਿੱਚੋਂ ਇੱਕ ਗੇਂਦ ਕੱਢੀ ਜਾਂਦੀ ਹੈ । ਸੰਭਾਵਨਾ ਪਤਾ ਕਰੋ ਕਿ ਕੱਢੀ ਹੋਈ ਗੇਂਦ (i) ਚਿੱਟੀ ਹੋਵੇ (ii) ਲਾਲ ਹੋਵੇ A bag contains 5 white and 9 red balls. One ball is drawn at random without looking into bag. What is the probability of getting a (i) White ball (ii) Red ball ?

16) ਇੱਕ ਕ੍ਰਿਕੇਟ ਮੈਚ ਵਿੱਚ ਇਹ ਫੈਸਲਾ ਕਰਨ ਲਈ ਕੀ ਕਿਹੜੀ ਟੀਮ ਪਹਿਲਾਂ ਬੱਲੇਬਾਜੀ ਕਰੇਗੀ, ਇੱਕ ਸਿੱਕਾ ਉਛਾਲਿਆ ਜਾਂਦਾ ਹੈ। ਇਸਦੀ ਕੀ ਸੰਭਾਵਨਾ ਹੈ ਕਿ ਤੁਹਾਡੀ ਟੀਮ ਪਹਿਲਾਂ ਬੱਲੇਬਾਜੀ ਕਰੇ। In a cricket match to decide who will bat first, a coin is tossed. What is the probability that your team would bat first?

17) ਪਹਿਲੀਆਂ 5 ਪੂਰਨ ਸੰਖਿਆਵਾਂ ਦਾ ਔਸਤ ਪਤਾ ਕਰੋ।

Find the Mean of first five whole numbers.

## WORKSHEET – 5

## ਰਾਸ਼ੀਆਂ ਦੀ ਤੁਲਨਾ ( Comparing Quantities)

1) 25, 200 ਦਾ ਕਿੰਨੇ ਪ੍ਰਤੀਸ਼ਤ ਹੈ?

What percent of 200 is 25?

(a) 100 (b) 12 ½ (c) 24 (d) 25

2) 1 ਕਿ. ਮੀ. ਦਾ 20% =?

20% of 1 km = ?

(a) 20 ਕਿ.ਮੀ.(Km.) (b)200 ਮੀ.(m.) (c) 250 ਮੀ.(m.) (d) 500 ਮੀ.(m.)

3) 18% =.....

(a) 2:9 (b) 9:50 (c) 5:90 (d) 20:9

4) ਦੋ ਵਿਅਕਤੀਆਂ A ਅਤੇ B ਦੇ ਭਾਰ ਬਰਾਬਰ ਸਨ। ਦੋਵਾਂ ਨੇ ਭਾਰ ਘਟਾਉਣ ਲਈ ਕਸਰਤ ਸ਼ੁਰੂ ਕੀਤੀ। ਇੱਕ ਮਹੀਨੇ ਬਾਅਦ A ਦੇ ਭਾਰ ਵਿੱਚ 30% ਅਤੇ B ਦੇ ਭਾਰ ਵਿੱਚ 40% ਕਮੀ ਹੋ ਗਈ। ਦੱਸੋ ਹੁਣ ਕਿਸਦਾ ਭਾਰ ਜਿਆਦਾ ਹੈ?

The weight of two persons A and B are equal. They both started exercise to reduce weight. After one month the weight of A is reduce by 30% and the weight of B is reduced by 40%. Find whose weight is more now?

(a) A (b) B (c) **ਦੋਵਾਂ ਦੇ ਭਾਰ ਬਰਾਬਰ ਹਨ**(both have equal weight)

(d) **ਪਤਾ ਨਹੀਂ ਕੀਤਾ ਜਾ ਸਕਦਾ** (cannot be determine)

5) ਜੇਕਰ ਸ਼ਹਿਰ ਵਿੱਚ 40% ਔਰਤਾਂ, 30% ਮਰਦ ਅਤੇ ਬਾਕੀ ਬੱਚੇ ਹਨ ਤਾਂ ਬੱਚਿਆਂ ਦੀ % ਪਤਾ ਕਰੋ?

If there are 30% women and 40% men in a city, then find percentage of children?

(a) 20% (b) 30% (c) 50% (d) 40%

6) 5 ਰੁਪਏ ਦਾ 50 ਪੇਸੈ ਨਾਲ ਅਨੁਪਾਤ ਹੈ।

The ratio of 5 rupees to 50 paisa is :

(a) 10 : 1 (b) 5:1 (c) 1 : 10 (d) ਇਹਨਾਂ ਵਿੱਚੋਂ ਕੋਈ ਨਹੀਂ None of these

7) 0.025 ਨੂੰ ਪ੍ਰਤੀਸ਼ਤ ਵਿੱਚ ਬਦਲੋ:

Convert 0.025 into percentage:

(a) 250% (b) 25% (c) 4% (d) 2.5%

8) ਜੇਕਰ x ਦਾ 30% = 72 ਹੋਵੇ ਤਾਂ ਦਾ ਮੁੱਲ ਕੀ ਹੋਵੇਗਾ?

If 30% of x = 72 then , What is value of x?

(a) 120 (b) 240 (c) 360 (d) 480

9) $\frac{1}{7}$ ਦਾ ਕਿੰਨੇ ਪ੍ਰਤੀਸ਼ਤ $\frac{2}{35}$ ਹੈ?

What percentage is $\frac{1}{7}$ of $\frac{2}{35}$ ?

(a) 20% (b) 25% (c) 30% (d) 40%

10) ਜੇਕਰ ਇੱਕ ਆਦਮੀ ਇੱਕ ਵਸਤੂ 80 ਰੁਪਏ ਦੀ ਖਰੀਦ ਕੇ 100 ਰੁਪਏ ਦੀ ਵੇਚ ਦਿੰਦਾ ਹੈ ਤਾਂ ਉਸ ਦਾ ਲਾਭ % ਕਿੰਨਾ ਹੈ?

If a man buys an article for 80 rupees and sells it for 100 rupees, then gain percentage is:

(a) 20% (b) 30% (c) 40% (d) 125%

11) ਇੱਕ ਵਸਤੂ 100 ਰੁਪਏ ਦੀ ਵੇਚ ਕੇ ਰੇਨੂੰ ਨੂੰ 20 ਰੁਪਏ ਲਾਭ ਹੁੰਦਾ ਹੈ। ਉਸ ਦਾ ਲਾਭ % ਕੀ ਹੈ?

(a) 25% (b) 20% (c) 15% (d) 40%

12) 6000 ਰੁਪਏ 'ਤੇ 8% ਦੀ ਦਰ ਨਾਲ 1 ਸਾਲ ਦਾ ਕਿੰਨਾ ਵਿਆਜ਼ ਹੈ ?

The simple interest on 6000 rupees at 8 % per annum for one year is :

(a) Rs. 600 (b) Rs. 480 (c) Rs. 400 (d) Rs. 240

13) 28% ਦਾ ਸਰਲਤਮ ਅਨੁਪਾਤ...... ਹੈ।

Simplest form of 28% is .......

(a) 7/25 (b) 7/50 (c) 14/25 (d) 28/50

14) ਭਿੰਨ $\frac{3}{4}$ ਦਾ ਪ੍ਰਤੀਸ਼ਤ ਰੂਪ......ਹੈ।

Percentage form of $\frac{3}{4}$ is .........

(a) 25% (b) 20% (c) 15% (d) 40%

15) ਇੱਕ ਵਿਅਕਤੀ ਨੇ ਇੱਕ ਵਸਤੂ 80 ਰੁਪਏ ਦੀ ਖਰੀਦੀ ਅਤੇ ਇਸਨੂੰ 100 ਰੁਪਏ ਵਿੱਚ ਵੇਚ ਦਿੱਤਾ। ਤਾਂ ਲਾਭ ਪ੍ਰਤੀਸ਼ਤ ਪਤਾ ਕਰੋ: If a man buys an article for Rs. 80 and sells it for Rs. 100, then gain percentage is:

i) 20% ii) 25% iii) 40% iv) 125%

16) ਟੀਨਾ ਨੂੰ 400 ਵਿੱਚੋਂ 320 ਅੰਕ ਪ੍ਰਾਪਤ ਕੀਤੇ ਅਤੇ ਰੀਨਾ ਨੇ 360 ਵਿੱਚੋਂ 300 ਅੰਕ ਪ੍ਰਾਪਤ ਕੀਤੇ।ਕਿਸ ਦੀ ਕਾਰਗੁਜ਼ਾਰੀ ਬਿਹਤਰ ਹੈ? Teena scored 320 marks out of 400 marks and Reena scored 300 marks out of 360 marks. Whose performance is better?

17) 3 ਦਿਨਾਂ ਦਾ 36 ਘੰਟੇ ਨਾਲ ਅਨੁਪਾਤ ਪਤਾ ਕਰੋ।
Find ratio of 3 days to 36 hours.

18) ਇੱਕ ਜਮਾਤ ਦੇ ਕੁੱਲ 25 ਵਿਦਿਆਰਥੀਆਂ ਵਿੱਚੋਂ 16 ਕੁੜੀਆਂ ਹਨ।ਕੁੜੀਆਂ ਦੀ ਪ੍ਰਤੀਸ਼ਤ ਪਤਾ ਕਰੋ।
Out of 25 students of a class 16 are girls. What is the percentage of girls?

19) 5 : 4 ਨੂੰ ਪ੍ਰਤੀਸ਼ਤ ਵਿੱਚ ਬਦਲੋ।
Convert 5 : 4 into percentage.

20) ਇੱਕ ਫਰਿਜ Rs. 12000 ਵਿੱਚ ਖਰੀਦ ਕੇ Rs. 13500 ਵਿੱਚ ਵੇਚਿਆ। ਲਾਭ % ਜਾਂ ਹਾਨੀ % ਪਤਾ ਕਰੋ। A refrigerator bought for Rs. 12000 and sold for Rs. 13500. Find profit % or loss %.

21) ਜੋਤੀ Rs. 6000 ਦਾ ਕਰਜ਼ਾ ਲੈਂਦੀ ਹੈ ਅਤੇ ਤਿੰਨ ਸਾਲਾਂ ਬਾਅਦ Rs. 7080 ਵਾਪਿਸ ਕਰਦੀ ਹੈ। ਉਸ ਦੀ ਵਿਆਜ਼ ਦੀ ਦਰ ਕਿੰਨੀ ਹੋਵੇਗੀ ? Jyoti take a loan of Rs. 6000 and pays back Rs. 7080 at the end of three years. What is the rate of interest she paid?

# WORKSHEET – 6

## ਪਰਿਮਾਪ ਅਤੇ ਖੇਤਰਫਲ (Perimeter and Area)

1) ਜੇਕਰ ਇੱਕ ਚੱਕਰ ਦਾ ਅਰਧਵਿਆਸ ਅਤੇ ਵਰਗ ਦੀ ਭੁਜਾ ਬਰਾਬਰ ਹੋਵੇ ਤਾਂ ਹੇਠ ਲਿਖੀਆਂ ਵਿੱਚੋਂ ਕਿਹੜਾ ਸਹੀ ਹੈ?
If radius of circle and side of square has same value then which of the following is true?

(a) ਇਹਨਾਂ ਦਾ ਖੇਤਰਫਲ ਬਰਾਬਰ ਹੋਵੇਗਾ।
Area of circle and square Will be same.
(b) ਵਰਗ ਦਾ ਖੇਤਰਫਲ ਚੱਕਰ ਦੇ ਖੇਤਰਫਲ ਤੋ ਜਿਆਦਾ ਹੋਵੇਗਾ।
The area of square is more than the area of circle.
(c) ਚੱਕਰ ਦਾ ਖੇਤਰਫਲ ਵਰਗ ਦੇ ਖੇਤਰਫਲ ਤੋ ਜਿਆਦਾ ਹੋਵੇਗਾ।
The area of circle is more than the area of square.
(d) ਇਹਨਾਂ ਵਿੱਚੋ ਕੋਈ ਵੀ ਨਹੀ। None of these


2) ਹੇਠ ਲਿਖਿਆਂ ਵਿੱਚੋਂ ਸਮਾਂਤਰ ਚਤੁਰਭੁਜ ਦੇ ਖੇਤਰਫਲ ਦਾ ਸੂਤਰ ਚੁਣੋ:

Choose the correct formula to find the area of a parallelogram

(a) ਆਧਾਰ × ਉਚਾਈ (base x height) (b) $\frac{1}{2}$×ਆਧਾਰ ×ਉਚਾਈ (½ x base x height)

(c) $\pi r^2$ (d) ਭੁਜਾ ×ਭੁਜਾ (side x side)

3) ਦਿੱਤੇ ਗਏ ਚਿੱਤਰ ਵਿੱਚ ਕਿਸ ਦਾ ਪਰਿਮਾਪ ਵੱਧ ਹੈ?



In given figure, which has greater perimeter?

(a) ਵਰਗ (Square) (b) ਚੱਕਰ(Circle)

(c) ਦੋਨਾਂ ਦਾ (Both) (d) ਪਤਾ ਨਹੀਂ ਕੀਤਾ ਜਾ ਸਕਦਾ (Can't be determined)

4) ਕਿਸੇ ਚੱਕਰ ਦੇ ਖੇਤਰਫਲ ਅਤੇ ਵਿਆਸ ਦਾ ਅਨੁਪਾਤ ਕੀ ਹੋਵੇਗਾ?

What will be the ratio of area of a circle and its diameter?

(a) $\pi$ (b) $2\pi r$ (c) $\frac{\pi r}{2}$ (d) $\frac{\pi}{4}$

5) ਜੇਕਰ ਵਰਗ ਦੀ ਹਰੇਕ ਭੁਜਾ 1 ਮੀਟਰ ਹੈ ਤਾਂ ਉਸ ਵਰਗ ਦਾ ਖੇਤਰਫਲ ਕਿੰਨਾ ਹੈ:

If each side of a square is one meter then what is the area of that square?

(a) 10 ਵਰਗ ਸੈਂਟੀਮੀਟਰ ($cm^2$) (b) 100 ਵਰਗ ਸੈਂਟੀਮੀਟਰ ($cm^2$)

(c) 1000 ਵਰਗ ਸੈਂਟੀਮੀਟਰ ($cm^2$) (d) 10000 ਵਰਗ ਸੈਂਟੀਮੀਟਰ ($cm^2$)

6) ਤ੍ਰਿਭੁਜ , ਜਿਸਦਾ ਅਧਾਰ 13 ਸਮ ਅਤੇ ਖੇਤਰਫਲ 65 ਸਮ$^2$ ਹੈ ਉਸ ਦੀ ਉਚਾਈ ਕਿੰਨੀ ਹੋਵੇਗੀ?

What is the height of a triangle is whose base is 13 cm and area is 65 $cm^2$?

(a) 12 ਸਮ(cm) (b) 15 ਸਮ(cm) (c) 10 ਸਮ(cm) (d) 20 ਸਮ(cm)

7) ਚੱਕਰ ਦਾ ਘੇਰਾ (Circumference of a circle ) = ........................

(a) ਭੁਜਾ ×ਭੁਜਾ (side x side) (b) $\pi r^2$ (c) $2\pi r$ (d) ਇਹਨਾਂ ਵਿੱਚੋਂ ਕੋਈ ਨਹੀਂ None of these

8) 10 cm ਵਿਆਸ ਵਾਲੇ ਚੱਕਰ ਦਾ ਘੇਰਾ ਪਤਾ ਕਰੋ ।

Find the perimeter of a circle whose diameter is 10 cm .

(a) 31.4 cm (b) 3.14 cm (c) 314 cm ( d) 35.4 cm

9) ਜੇਕਰ ਚੱਕਰ ਦਾ ਵਿਆਸ 8.4 ਸਮ ਹੈ ਤਾਂ ਅਰਧ ਵਿਆਸ = …………

If diameter of a circle is 8.4 cm then Radius of the circle is …………

(a) 16.8 ਸਮ(cm) (b) 4.2 ਸਮ(cm) (c) 33.6 ਸਮ(cm) (d) ½ ਸਮ(cm)

10) ਇੱਕ ਚੱਕਰ ਦਾ ਖੇਤਰਫਲ ਦੂਸਰੇ ਚੱਕਰ ਦੇ ਖੇਤਰਫਲ ਦੇ '100'ਗੁਣਾ ਦੇ ਬਰਾਬਰ ਹੈ ਉਹਨਾਂ ਦੇ ਘੇਰੇ ਦਾ ਅਨੁਪਾਤ ਕੀ ਹੈ?

A circle has area 100 times the area of another circle. What is the ratio of their circumferences?

(a) 10 :1 (b) 1 : 10 (c) 1 : 1 (d) 2 : 1

11) ਸਮਾਂਤਰ ਚਤੁਰਭੁਜ ਦੀ ਉਚਾਈ ਪਤਾ ਕਰੋ ਜਿਸਦਾ ਖੇਤਰਫਲ 246 $cm^2$ ਅਤੇ ਅਧਾਰ 20 cm ਹੈ।

Find the height of a parallelogram whose area is 246 $cm^2$ and base 20 cm.

(a) 1.23 cm (b) 13.2 cm (c) 12.3 cm (d) 1.32 cm

12) ਚੱਕਰ ਦੀ ਜੀਵਾ ਜੋ ਚੱਕਰ ਦੇ ਕੇਂਦਰ ਵਿੱਚੋਂ ਲੰਘੇ ਚੱਕਰ ਦਾ ……………… ਅਖਵਾਉਂਦੀ ਹੈ।

The chord passing through the center of a circle is called ………………..

(a) ਅਰਧ ਵਿਆਸ (Radius) (b) ਵਿਆਸ ( Diameter)

(c) ਘੇਰਾ (Circumference) (d) ਖੇਤਰਫਲ (Area)

13) ਜੇਕਰ ਸਮਾਂਤਰ ਚਤੁਰਭੁਜ ਦੀਆਂ ਭੁਜਾਵਾਂ ਦੀ ਲੰਬਾਈ ਅਸਲ ਭੁਜਾ ਤੋਂ ਦੁਗਣੀ ਕਰ ਦਿੱਤੀ ਜਾਵੇ ਤਾਂ ਨਵੀਂ ਬਣੀ ਸਮਾਂਤਰ ਚਤੁਰਭੁਜ ਦਾ ਪਰਿਮਾਪ ਕੀ ਹੋਵੇਗਾ?

If the sides of a parallelogram are increased to twice of its original length, how much will be the perimeter of the new parallelogram.

(a) 1.5 ਗੁਣਾ(Times) (b) 2 ਗੁਣਾ(Times) (c) 3 ਗੁਣਾ(Times) (d) 4 ਗੁਣਾ(Times)

14) ਸਮਕੋਣੀ ਤ੍ਰਿਭੁਜ ਵਿੱਚ ਸਮਕੋਣ ਬਨਾਉਣ ਵਾਲੀ ਇੱਕ ਭੁਜਾ ਦੂਸਰੀ ਭੁਜਾ ਦੀ ਦੁੱਗਣੀ ਹੈ ਅਤੇ ਤ੍ਰਿਭੁਜ ਦਾ ਖੇਤਰਫਲ 64 ਵਰਗ ਸਮ ਹੈ। ਛੋਟੀ ਭੁਜਾ ਪਤਾ ਕਰੋ।

In a right angles triangle one side is doubled the other side of that triangle and area of triangle is 64 $cm^2$ . Find the smaller side.

(a) 8 ਸੈਂਟੀਮੀਟਰ (cm ) (b) 16 ਸੈਂਟੀਮੀਟਰ (cm)

(c) 24 ਸੈਂਟੀਮੀਟਰ ( cm) (d) 32 ਸੈਂਟੀਮੀਟਰ (cm)

15) ਇੱਕ ਸਮਾਂਤਰ ਚਤੁਰਭੁਜ ਦੀਆਂ ਲਾਗਵੀਆਂ ਭੁਜਾਵਾਂ 28 ਸਮ ਅਤੇ 45 ਸਮ ਹਨ ਅਤੇ ਵੱਡੀ ਭੁਜਾ ਤੇ ਸਿਖਰਲੰਬ 18 ਸਮ ਹੈ। ਇਸ ਸਮਾਂਤਰ ਚਤੁਰਭੁਜ ਦਾ ਖੇਤਰਫਲ ਪਤਾ ਕਰੋ।

The adjacent side s of a parallelogram are 28 cm and 45 cm and the altitude on the longer side is 18 cm. Find the area of the parallelogram.

16) ਵਰਗਾਕਾਰ ਪਾਰਕ ਦਾ ਪਰਿਮਾਪ 148 ਮੀਟਰ ਹੈ ਇਸ ਦਾ ਖੇਤਰਫਲ ਪਤਾ ਕਰੋ।


The perimeter of a square park is 148 meter. Find area of that park.

17) ਇੱਕ ਮਾਲੀ 15 ਮੀਟਰ ਅਰਧ ਵਿਆਸ ਵਾਲੇ ਚੱਕਰਾਕਾਰ ਬਾਗ ਨੂੰ ਤਾਰ ਦੀ ਵਾੜ ਦੇ ਤਿੰਨ ਚੱਕਰ ਲਗਾਉਂਦਾ ਹੈ ਤਾਂ 5 ਰੁਪਏ ਪ੍ਰਤੀ ਮੀਟਰ ਦੀ ਦਰ ਨਾਲ ਤਾਰ ਲਗਾਉਣ ਦਾ ਖਰਚਾ ਪਤਾ ਕਰੋ। ( $\pi = 3.14$)

A gardener wants to fence a circular garden of radius 15 m. Find the length of wire if he makes three rounds of fence. Also find the cost of fence if wire cost Rs. 5 per meter.

18) ਚਿੱਤਰ ਵਿੱਚ ਦਿਖਾਏ ਅਨੁਸਾਰ ਇਕ ਤ੍ਰਿਭੁਜ ABC ਵਿੱਚ A ਤੇ ਸਮਕੋਣ ਹੈ। AD ਭੁਜਾ BC ਤੇ ਸਿਖਰਲੰਬ ਹੈ। ਜੇਕਰ AB = 9 ਸਮ , BC = 15 ਸਮ ਅਤੇ AC = 12 ਸਮ ਤਾਂ ਤ੍ਰਿਭੁਜ ABC ਦਾ ਖੇਤਰਫਲ ਪਤਾ ਕਰੋ ਅਤੇ AD ਦੀ ਲੰਬਾਈ ਵੀ ਪਤਾ ਕਰੋ।

As shown in the figure, Triangle ABC is right angles at A . AD is perpendicular to BC , if AB = 9cm, BC = 15 cm and AC = 12 cm . Find the area of the triangle ABC , also find the length of AD .



# WORKSHEET – 7

## ਬੀਜ ਗਣਿਤਕ ਵਿਅੰਜਕ (Algebraic expressions)

1) $x^2 - y^2$, $y^2 - z^2$ ਅਤੇ $z^2 - x^2$ ਦਾ ਜੋੜਫਲ ਪਤਾ ਕਰੋ।

Find sum of $x^2 - y^2$, $y^2 - z^2$ and $z^2 - x^2$.

(a) 0 (b) $2(x^2 + y^2 + z^2)$ (c) $2(z^2 - x^2)$ (d) $2(x^2 - y^2)$

2) $8 - x + y$ ਵਿੱਚ x ਦਾ ਗੁਣਾਂਕ:

Coefficient of x in $8 - x + y$:

(a) -1 (b) 1 (c) 8 (d) 0

3) $x = 2$ ਭਰਨ 'ਤੇ ਵਿਅੰਜਕ $5x - 2$ ਦਾ ਮੁੱਲ ਹੈ:

The value of the expression $5x - 2$ when $x = 2$ is:

(a) 12 (b) -12 (c) 8 (d) 3

4) ਵਿਅੰਜਕ $-p^2q^2$ ਵਿੱਚ ਸੰਖਿਆਤਮਕ ਗੁਣਾਂਕ ............ਹੈ।

Numerical coefficient in the expression $-p^2q^2$ is.........

(a) $p^2$ (b) $q^2$ (c) $-p^2$ (d) -1

5) ਹੇਠ ਦਿੱਤਿਆ ਵਿੱਚੋਂ ਕਿਹੜੇ ਸਮਾਨ ਪਦ ਹਨ।

Which of the following are like terms :

(a) -32 , -32x (b) 2x , $2x^2$

(c) 7x, 7y (d) -3y , 15y

6) ਬੀਜਗਣਿਤਕ ਵਿਅੰਜਕਾਂ 3x+11 ਅਤੇ 2x-7 ਦਾ ਜੋੜ ਹੈ :

Sum of algebraic expressions 3x+11 and 2x-7 is

(a) 5 x + 4 (b) x + 4

(c) 5 x - 18 (d) 6 x + 18

7) ਦੋ ਪਦ ਵਾਲੇ ਵਿਅੰਜਕ ਨੂੰ ਕੀ ਕਿਹਾ ਜਾਂਦਾ ਹੈ?

An expression having two terms is known as?

a) ਦੋ ਪਦੀ (Binomial) b) ਇੱਕ ਪਦੀ ( Monomial)

c) ਤਿੰਨ ਪਦੀ (Trinomial) d) ਇਹਨਾਂ ਵਿੱਚੋਂ ਕੋਈ ਵੀ ਨਹੀਂ ( None of these)

**8)** ਅਜਿਹਾ ਪਦ ਜਿਸਦਾ ਮੁੱਲ ਸਥਿਰ ਨਾ ਰਹੇ, ਇਸ ਨੂੰ ................ ਕਿਹਾ ਜਾਂਦਾ ਹੈ।

The terms whose value does not remain constant is called.............

**(a)** ਚਲ (Variable) **( b)** ਅਚਲ (Constant)

**(c)** ਗੁਣਜ (Multiple) **(d)** ਗੁਣਨਖੰਡ (Factor)

9) ਪਦਾਂ ਨੂੰ ਜੋੜ ਕੇ............ ਬਣਦੇ ਹਨ।

Terms are added to form ..........

(a) ਚਲ (Variable) (b) ਗੁਣਨਖੰਡ (Factor)

(c) ਵਿਅੰਜਕ (Expression) ( d) ਅਚਲ (Constant)

10) $3a \times 5b \times 7c$ ਕਿੰਨੇ ਪਦੀ ਵਿਆਜਕ ਹੈ?

Number of terms in Algebraic expression $3a \times 5b \times 7c$

(a) ਇੱਕ ਪਦੀ (Monomial) (b) ਦੋ ਪਦੀ ( Binomial)

(c) ਤਿੰਨ ਪਦੀ (Trinomial) (d) **ਇਹਨਾਂ ਵਿੱਚੋਂ ਕੋਈ ਵੀ ਨਹੀਂ ( None of these)**

11) 'ਸੰਖਿਆ 5 ਨੂੰ m ਅਤੇ n ਦੇ ਗੁਣਨਫਲ 3 ਗੁਣਾ ਵਿੱਚ ਜੋੜਿਆ' ਲਈ ਬੀਜਗਣਿਤਕ ਵਿਅੰਜਕ ਹੈ।

The algebraic expression for the following statement " Number 5 added to three times the product of numbers m and n" is:

(a) 5 + 3mn (b) 3 + 5mn

(c) ( 5+ 3 ) mn (d) **ਇਹਨਾਂ ਵਿੱਚੋਂ ਕੋਈ ਵੀ ਨਹੀਂ ( None of these)**

12) n = 2 ਭਰਨ ਤੇ ਵਿਅੰਜਕ 5n – 2 ਦਾ ਮੁੱਲ ਕਿੰਨਾ ਹੋਵੇਗਾ ?

What is the value of algebraic expression 5n – 2 when n = 2 ?

(a) 12 (b) -12 (c) 8 (d) 3

13) x = 1 ਭਰਨ ਤੇ ਵਿਅੰਜਕ $3x^2 - 5x + 6$ ਦਾ ਮੁੱਲ ਕਿੰਨਾ ਹੋਵੇਗਾ ?

What is the value of algebraic expression $3x^2 - 5x + 6$ when x = 1 ?

(a) 3 (b) 4 (c) -8 (d) 14

14) ਹੇਠ ਦਿੱਤਿਆ ਵਿੱਚੋਂ ਕਿਹੜੇ ਅਸਮਾਨ ਪਦ ਹਨ।

Which of the following are unlike terms :

(a) 12 pq , 15 pq (b) -7 qp, -8qp

(c) 13pq, -23 qp (d) 5 pq, 8 $p^2q^2$

15) " ਸੰਖਿਆ x ਅਤੇ z ਦਾ ਜੋੜਫਲ ਇਨ੍ਹਾਂ ਦੇ ਗੁਣਨਫਲ ਵਿੱਚੋਂ ਘਟਾਓ " ਲਈ ਬੀਜਗਣਿਤਕ ਵਿਅੰਜਕ ਹੈ।

The algebraic expression for the following statement "Sum of numbers x and z is subtracted from their product " is:

(a) xy – x + y (b) x + y - xy

(c) xy – ( x + y ) (d) **ਇਹਨਾਂ ਵਿੱਚੋਂ ਕੋਈ ਵੀ ਨਹੀਂ ( None of these)**

16) ਵਿਅੰਜਕ $\frac{-3}{2}$ xyz ਦਾ ਸੰਖਿਆਤਮਕ ਗੁਣਾਂਕ ਕਿੰਨਾ ਹੋਵੇਗਾ?

What is numerical coefficient of algebraic expression $\frac{-3}{2}$ xyz ?

(a) -3 (b) 2 (c) $\frac{1}{2}$ (d) $\frac{-3}{2}$

17) $12a^2 - 7a^2$ = .....................

(a) 5 (b) 5 $a^2$ (c) 19 $a^2$ (d) $\frac{12}{7}$

18) ਵਿਅੰਜਕ $a^2 - b^2$ ਦਾ ਮੁੱਲ a = 1, b = -2 ਲਈ ਪਤਾ ਕਰੋ।

Find the value of expression $a^2 - b^2$ for a = 1, b = -2.

19) ਵਿਅੰਜਕ $15x^2y + 3xy^2$ ਵਿੱਚ ਪਦਾਂ ਅਤੇ ਉਸਦੇ ਗੁਣਨਖੰਡਾਂ ਨੂੰ ਲਿਖੋ।

Write terms and factors for the expression $15x^2y + 3xy^2$.

20) ਬੀਜ ਗਣਿਤਕ ਵਿਅੰਜਕਾਂ 3m+2n, 7m-8n ਅਤੇ 2m-n ਦਾ ਜੋੜ ਪਤਾ ਕਰੋ।

Find sum of algebraic expressions 3m+2n, 7m-8n and 2m-n.

21) $20x^2 - 2xy$ ਵਿੱਚੋਂ $15x^2 + 3xy$ ਨੂੰ ਘਟਾਓ।

Subtract $15x^2 + 3xy$ from $20x^2 - 2xy$.

22) $2x^2 + 7x - 2$ ਅਤੇ $3x^2 - 8x + 7$ ਦੇ ਜੋੜ ਵਿੱਚੋਂ $2x^2 + x - 1$ ਨੂੰ ਘਟਾਓ।

From the sum of $2x^2 + 7x - 2$ and $3x^2 - 8x + 7$ subtract $2x^2 + x - 1$.

## WORKSHEET – 8

## ਪਰਿਮੇਯ ਸੰਖਿਆਵਾਂ, ਰੇਖਾਵਾਂ ਅਤੇ ਕੋਣ (Rational Numbers, Lines and Angle)

1) ਇੱਕ ਪਰਿਮੇਯ ਸੰਖਿਆ ਨੂੰ ਮਿਆਰੀ ਰੂਪ ਵਿੱਚ ਦਰਸਾਉਣ ਲਈ ਅਸੀ ਅੰਸ਼ ਅਤੇ ਹਰ ਨੂੰ ਉਸਦੇ ________ ਨਾਲ ਭਾਗ ਕਰਦੇ ਹਾਂ। To reduce a rational number to its Standard form we always divide numerator and denominator by their.

(a) ਲ.ਸ.ਵ. (L.C.M. ) (b) ਮ.ਸ.ਵ. (H.C.F. )

(c) ਗੁਣਾ ( Product ) (d) ਗੁਣਜ (Multiple)

2) ਹੇਠ ਲਿਖਿਆਂ ਵਿੱਚੋਂ ਕਿਹੜੀ ਪਰਿਮੇਯ ਸੰਖਿਆ ਨਹੀਂ ਹੈ?

Which of the following is not a rational number?

(a) 6 (b) $\frac{3}{4}$ (c) -2 (d) $\frac{5}{0}$

3) $\frac{-5}{3}$ ਤੇ ਤੁੱਲ ਪਰਿਮੇਯ ਸੰਖਿਆ ਚੁਣੋ:

Choose an equivalent rational number to $\frac{-5}{3}$

(a) $\frac{6}{2}$ (b) $\frac{-15}{3}$ (c) $\frac{-15}{9}$ (d) $\frac{15}{9}$

4) ਕੋਈ ਵੀ ਦੋ ਪਰਿਮੇਯ ਸੰਖਿਆਵਾਂ ਵਿਚਕਾਰ ਕਿੰਨੀਆਂ ਪਰਿਮੇਯ ਸੰਖਿਆਵਾਂ ਹੋ ਸਕਦੀਆਂ ਹਨ?

How many rational numbers are there between any two rational numbers:

(a) 1 (b) 0 (c) ਅਨੰਤ ( Infinite) (d) ਇਹਨਾਂ ਵਿੱਚੋਂ ਕੋਈ ਨਹੀਂ (None of these)

5) ਸਿਫਰ ਦਾ ਉਲਟਕ੍ਰਮ _________ ਹੈ।

Reciprocal of 0 is............

(a) -1 (b) 1/0 (c) 1 (d) ਇਹਨਾਂ ਵਿੱਚੋਂ ਕੋਈ ਨਹੀਂ(None of these)

6) $\frac{2}{3}$ ਅਤੇ $\frac{-2}{3}$ ਦਾ ਜੋੜ ਕਿੰਨਾ ਹੋਵੇਗਾ ?

What is the sum of $\frac{2}{3}$ and $\frac{-2}{3}$ ?

(a) 1 (b) 0 (c) $\frac{4}{3}$ (d) $\frac{-4}{3}$

7) ਹੇਠ ਲਿਖੀਆਂ ਵਿੱਚੋਂ ਕਿਹੜੀ ਪਰਿਮੇਯ ਸੰਖਿਆ ਮਿਆਰੀ ਰੂਪ ਵਿੱਚ ਹੈ?

Which of the following rational number is in the standard form?

(a) -9/28 (b) -26/78 (c) –14/16 (d) 48/-96

8) $\frac{3}{4} = \frac{x}{12}$ ਤਾਂ (Then) x = ?

(a) $\frac{1}{9}$ (b) 9 (c) 6 (d) 12

9) ਪਰਿਮੇਯ ਸੰਖਿਆ $\frac{a}{b}$ ਦਾ ਜੋੜਾਤਮਕ ਉਲਟ = ..........

Additive inverse of rational number $\frac{a}{b}$ is...........

(a) $\frac{-a}{b}$ (b) $\frac{b}{a}$ (c) 1 (d) 0

10) ਦੋ ਪੂਰਕ ਕੋਣਾਂ ਵਿਚਕਾਰ ਅੰਤਰ $12^0$ ਹੈ, ਕੋਣਾਂ ਦਾ ਮਾਪ ਹੋਵੇਗਾ:

The difference in the measures of two complementary angles is $12^0$ . find the measures of the angles.

(a) $60^0, 30^0$ (b) $39^0, 51^0$ (c) $42^0, 30^0$ (d) $72^0, 60^0$

11) ਇੱਕ ਕੋਣ ਆਪਣੇ ਪੂਰਕ ਕੋਣ ਦਾ ਦੁੱਗਣਾ ਹੋਵੇ ਤਾਂ ਕੋਣ ਦਾ ਮੁੱਲ ਹੋਵੇਗਾ:

Find the angle which is twice of its complementary.

(a) $60^0$ (b) $45^0$ (c) $75^0$ (d) $50^0$

12) ਜੇਕਰ ਦੋ ਕੋਣ ਪੂਰਕ ਹੋਣ ਤਾਂ ਉਹਨਾ ਦਾ ਜੋੜ ........... ਹੁੰਦਾ ਹੈ :

What is sum of two complementary angles?


(a) $180^0$ (b) $90^0$ (c) $0^0$ (d) $360^0$

13) ਇੱਕ ਕਾਟਵੀਂ ਰੇਖਾ 't' ਦੋ ਰੇਖਾਵਾਂ 'm' ਅਤੇ 'n' ਨੂੰ ਚਿੱਤਰ ਵਿੱਚ ਦਿਖਾਏ ਅਨੁਸਾਰ ਕੱਟਦੀ ਹੈ। ਜੇਕਰ $\angle 1$ ਅਤੇ $\angle 2$ ਬਰਾਬਰ ਹੋਣ ਤਾਂ ਕਿਹੜਾ ਕਥਨ ਸਹੀ ਹੈ?

A transversal 't' intersects two lines 'm' and 'n'. If $\angle 1$ and $\angle 2$ are equal then which of the following statements is true?

(a) m=n (b) m ll n

(c) m ∦ n (d) ਇਹਨਾਂ ਵਿੱਚੋਂ ਕੋਈ ਨਹੀਂ(None of these)




14) ਸੰਪੂਰਕ ਕੋਣਾਂ ਦਾ ਜੋੜਾ ........... ਹੈ :

Pair of supplementary angles is ....................

(a) $55^0, 115^0$ (b) $65^0, 125^0$

(c) $47^0, 133^0$ (d) $40^0, 50^0$

15) ਜੇਕਰ ਰੇਖੀ ਜੋੜੇ ਦਾ ਇੱਕ ਕੋਣ ਨਿਊਨ ਕੋਣ ਹੋਵੇ ਤਾਂ ਦੂਸਰਾ ਕੋਣ ........... ਹੁੰਦਾ ਹੈ :

If one angle of a linear pair is acute angle then other angle is ..................

(a) ਨਿਊਨ ਕੋਣ ( Acute angle) (b) ਅਧਿਕ ਕੋਣ (Obtuse angle)

(c) ਸਮਕੋਣ (Right angle) (d) ਸਰਲ ਕੋਣ (Straight angle)

16) $70^0$ ਕੋਣ ਦਾ ਸੰਪੂਰਕ ਕੋਣ ਕਿੰਨਾ ਹੋਵੇਗਾ ?

What is supplementary angle of $70^0$ ?

(a) $70^0$ (b) $20^0$ (c) $110^0$ (d) $90^0$

17) ਜੇਕਰ ਦੋ ਰੇਖਾਵਾਂ ਇੱਕ ਬਿੰਦੂ ਤੇ ਕੱਟਦੀਆਂ ਹਨ ਤਾਂ ਸਿਖਰ ਸਨਮੁੱਖ ਕੋਣ ਹਮੇਸ਼ਾ ........... ਹੁੰਦੇ ਹਨ?


If two lines intersect at a point , the vertically opposite angles are always ............

(a) ਬਰਾਬਰ (Equal) (b) ਸਿਫਰ ( Zero)

(c) ਸਮਕੋਣ ( Right angle) (d) ਇਹਨਾਂ ਵਿੱਚੋਂ ਕੋਈ ਨਹੀਂ(None of these)

18) ਦਿੱਤੇ ਚਿੱਤਰ ਵਿੱਚ AOB ਇੱਕ ਸਰਲ ਰੇਖਾ ਹੈ। ∠ AOC ਮਾਪ ਕਿੰਨਾ ਹੋਵੇਗਾ।

In the given figure, AOB is straight line. What the measure of ∠AOC




(a) $50^0$ (b) $90^0$

(c) $40^0$ (d) $110^0$

19) ਜੋੜ ਕਰੋ। Find the sum:


$$\frac{-5}{14} + \frac{8}{21}$$

20) $\frac{-3}{4}$ ਵਿੱਚੋਂ ਕਿਹੜੀ ਸੰਖਿਆ ਘਟਾਈ ਜਾਵੇ ਕਿ $\frac{-11}{4}$ ਪ੍ਰਾਪਤ ਹੋ ਜਾਵੇ?

What number should be subtracted from $\frac{-3}{4}$ to get $\frac{-11}{4}$ ?


21) ਦਿੱਤੇ ਚਿੱਤਰ ਵਿੱਚ x, y ਅਤੇ z ਦਾ ਮੁੱਲ ਪਤਾ ਕਰੋ।

Find the value of x, y and z in the given figure.




22) ਚਿੱਤਰ ਵਿੱਚ, ਸਮਾਂਤਰ ਰੇਖਾਵਾਂ ਦਿੱਤੀਆਂ ਹਨ। ਦਰਸਾਏ ਅਗਿਆਤ ਕੋਣ ਪਤਾ ਕਰੋ।

In the given figure, Parallel lines are given. Find the unknown angles.



## WORKSHEET – 9

### ਸਰਲ ਸਮੀਕਰਨ, ਘਾਤ ਅਤੇ ਘਾਤ-ਅੰਕ, ਠੋਸ ਅਕਾਰਾਂ ਦੀ ਕਲਪਨਾ

### Simple Equations, Exponents and Powers, Visualising Solid Shapes

1) ਜੇਕਰ 8m – 8 = 56 ਹੈ, ਤਾਂ m = ?

If 8m – 8 = 56, then m = ?

(a) -2 (b) -4 (c) -14 (d) 8

2) ਦਿੱਤੀ ਸਮੀਕਰਨ $\frac{p}{5} - 2 = 6$ ਲਈ ਕਿਹੜਾ ਕਥਨ ਸਹੀ ਹੈ?

Which is true for the given equation $\frac{p}{5} - 2 = 6$ ?

(a) p ਵਿੱਚੋਂ 5 ਘਟਾਉਣ ਤੇ 6 ਪ੍ਰਾਪਤ ਹੁੰਦਾ ਹੈ/ Subtracting 5 from a number p gives 6

(b) ਕਿਸੇ ਸੰਖਿਆ p ਦੇ ਪੰਜਵੇਂ ਹਿੱਸੇ ਵਿੱਚੋਂ 2 ਘਟਾਉਣ ਨਾਲ 6 ਮਿਲਦਾ ਹੈ/ Subtracting 2 from one fifth of a number p gives 6

(c) p ਵਿੱਚੋਂ 2 ਘਟਾਉਣ ਤੇ 30 ਪ੍ਰਾਪਤ ਹੁੰਦਾ ਹੈ/ Subtracting 2 from a number p gives 30

(d) ਕਿਸੇ ਸੰਖਿਆ p ਨੂੰ 5 ਨਾਲ ਗੁਣਾ ਕਰਕੇ ਅਤੇ 2 ਘਟਾ ਕੇ 6 ਦੇ ਪ੍ਰਾਪਤ ਹੁੰਦਾ ਹੈ/ A number p multiplied by 5 and subtracting from 2 it gives 6.

3) ਸਮੀਕਰਨ 4 = 5(x – 2) ਦਾ ਹੱਲ ਕੀ ਹੋਵੇਗਾ ।

Solve the equation 4 = 5(x – 2).

(a) $x = \frac{14}{5}$ (b) $x = \frac{7}{5}$ (c) $x = \frac{7}{4}$ (d) $x = \frac{6}{5}$

4) ਦਿੱਤੇ ਹੋਏ ਕਥਨ " x ਦੇ 9 ਗੁਣਾ ਵਿੱਚ 6 ਜੋੜਨ ਤੇ 87 ਪ੍ਰਾਪਤ ਹੁੰਦਾ ਹੈ" ਲਈ ਸਮੀਕਰਨ ਲਿਖੋ।

Write equation for the following statement " we get 87 by adding 6 to 9 times of x"

(a) 6x + 9 = 87 (b) 87x + 6 = 9

(c) 9x + 6 = 87 (d) 6x + 87 = 9

5) ਜੇਕਰ ਇੱਕ ਸੰਖਿਆ ਦੇ ਦੁਗਣੇ ਵਿੱਚੋਂ 3 ਘਟਾਉਣ ਤੇ 5 ਪ੍ਰਾਪਤ ਹੁੰਦਾ ਹੈ ਤਾਂ ਉਹ ਸੰਖਿਆ ਕਿਹੜੀ ਹੈ?

If 3 subtracted from twice a number is 5, then the number is :

(a) -4 (b) -2 (c) 2 (d) 4

6) 27 ਨੂੰ ਆਧਾਰ 3 ਦੇ ਘਾਤ ਦੇ ਰੂਪ ਵਿੱਚ ਲਿੱਖ ਸਕਦੇ ਹਾਂ:

Express 27 as a power with base 3 :

(a) $3^3$ (b) $\frac{1}{3^3}$ (c) $\frac{1}{3^9}$ (d) $3^9$

7) $2^0 + 3^0 + 4^0$ = ?

(a) 0 (b) 3 (c) 1 (d) 9

8) ਹੇਠਾਂ ਲਿਖਿਆਂ ਵਿੱਚੋਂ 3908.78 ਦਾ ਮਿਆਰੀ ਰੂਪ ਕਿਹੜਾ ਹੈ ?

Which of the following is standard form of 3908.78 :

(a) $3.90878 \times 10^3$ (b) $390878 \times 10^5$

(c) $3908.78 \times 10^3$ (d) $3.90878 \times 10^5$

9) ਮੁੱਲ ਪਤਾ ਕਰੋ (Find the value): $(-1)^{1001}$

(a) 1 (b) – 1 (c) 1001 (d) -1001

10) $a^m \times a^n =$ ___________

(a) $a^{mn}$ (b) $a^{m-n}$ (c) $a^{m \div n}$ (d) $a^{m+n}$

11) 5 x 5 x 7 x 7 x 7 ਨੂੰ ਘਾਤ ਅੰਕੀ ਰੂਪ ਵਿੱਚ ਲਿਖੋ।

Write 5 x 5 x 7 x 7 x 7 in the exponent form .

(a) $5^3 \times 7^2$ (b) $35^5$ (c) $5^2 \times 7^3$ (d) ਇਹਨਾਂ ਵਿੱਚੋਂ ਕੋਈ ਨਹੀਂ(none of these)

12) $3 \times 10^4 + 7 \times 10^2 + 5 \times 10^0 = ?$

(a) 375 (b) 30701 (c) 30705 (d) 3701


13) $p^5 \times p^3 =$ .............

(a) $p^2$ (b) $p^{15}$ (c) $p^8$ (d) ਇਹਨਾਂ ਵਿੱਚੋਂ ਕੋਈ ਨਹੀਂ(none of these)


14) ਇੱਕ ਸ਼ੰਕੂ ਨੂੰ ਲੰਬ ਰੂਪ ਵਿੱਚ ਕੱਟਣ ਤੇ ਕਿਹੜੀ ਦੁਸਾਰ-ਕਾਟ ਪ੍ਰਾਪਤ ਹੁੰਦੀ ਹੈ?
On cutting a cone vertically, cross-section formed is:

(a) **ਆਇਤ** (Rectangle) (b) **ਚੱਕਰ** (Circle)

(c) **ਤ੍ਰਿਭੁਜ** (Triangle) (d) **ਵਰਗ** (Square)




15) ਚਿੱਤਰ ਵਿੱਚ ਸਾਹਮਣੇ ਦੇ ਦ੍ਰਿਸ਼ ਦੀ ਪਹਿਚਾਣ ਕਰੋ:
In given figure which is the front view:



(a) (b) (c) (d) ਇਹਨਾਂ ਵਿੱਚੋਂ ਕੋਈ ਨਹੀਂ(none of these)

16) ਇੱਕ ਘਣਾਵ ਦੇ.................. ਆਇਤਕਾਰ ਫਲਕ ਹੁੰਦੇ ਹਨ ।
A cuboid has ________ rectangular faces.

(a) 4 (b) 6 (c) 8 (d) 12

17) ਇੱਕ ਵਰਗਾਕਾਰ ਪਿਰਾਮਿਡ ਵਿੱਚ ਕਿੰਨੇ ਕਿਨਾਰੇ ਹੁੰਦੇ ਹਨ?
How many edges are there in a square pyramid?

(a) 5 (b) 8 (c) 7 (d) 4

18) ਪਾਸੇ (Dice) ਦੇ ਸਨਮੁੱਖ ਫਲਕਾਂ ਤੇ ਅੰਕਿਤ ਬਿੰਦੂਆਂ ਦਾ ਜੋੜ ਕਿੰਨਾ ਹੁੰਦਾ ਹੈ?

Sum of numbers on the opposite faces of a die is:

(a) 8 (b) 7 (c) 9 (d) 6

19) ਕਿਹੜੇ ਠੋਸ ਦਾ ਲਾਈਟ ਵਿੱਚ ਪਰਛਾਵਾਂ ਤਿਕੋਣ ਬਣਦਾ ਹੈ?

Which solid cast a shadow of triangle under the effect of light?

(a) ਗੋਲਾ (Sphere) (b) ਸਿਲੰਡਰ (Cylinder)

(c) ਸ਼ੰਕੂ (Cone) (d) ਘਣ ( Cube)

20) ਘਣ ਅਤੇ ਵਰਗਾਕਾਰ ਪਿਰਾਮਿਡ ਦੇ ਫਲਕ, ਕਿਨਾਰੇ ਅਤੇ ਸਿਖਰ ਲਿਖੋ।

Write Faces, Edges and Vertices of Cube and square pyramid.

21) ਜੇਕਰ $7^x = 343$ ਹੋਵੇ ਤਾਂ ਦਾ x ਮੁੱਲ ਪਤਾ ਕਰੋ।

If $7^x = 343$ then find the value of x.

22) $-\frac{64}{125}$ ਨੂੰ ਘਾਤ ਅੰਕੀ ਰੂਪ ਵਿੱਚ ਦਰਸਾਓ।

Represent $-\frac{64}{125}$ in exponential form.

23) ਸਮੀਕਰਨ 6x + 10 = -2 ਨੂੰ ਹੱਲ ਕਰੋ।

Solve the equation 6x + 10 = -2

24) 384 X 147 ਨੂੰ ਕੇਵਲ ਅਭਾਜ ਗੁਣਨਖੰਡਾ ਦੀਆਂ ਘਾਤਾਂ ਦੇ ਗੁਣਨਫਲ ਦੇ ਰੂਪ ਵਿੱਚ ਲਿਖੋ।

Express 384 X 147 as a product of prime factors in the exponential form.

25) ਰਾਧਾ ਦੇ ਪਿਤਾ ਦੀ ਉਮਰ 49 ਸਾਲ ਹੈ। ਉਹਨਾਂ ਦੀ ਉਮਰ ਰਾਧਾ ਦੀ ਉਮਰ ਦੇ ਤਿਗੁਣੇ ਤੋਂ 4 ਸਾਲ ਵੱਧ ਹੈ।ਰਾਧਾ ਦੀ ਉਮਰ ਕਿੰਨੀ ਹੈ?

Radha’s father’s age is 49 years old. He is 4 years older than three times Radha’s age. What is Radha’s age?

# WORKSHEET-10

## ਤ੍ਰਿਭੁਜਾਂ, ਸਮਮਿਤੀ (Triangles, Symmetry)

1) ਤ੍ਰਿਭੁਜ ਦੇ ਦੋ ਹੋ ਸਕਦੇ ਹਨ:

A triangle can have two:

(a) ਨਿਊਨ ਕੋਣ (acute angles) (b) ਅਧਿਕ ਕੋਣ (obtuse angles)

(c) ਸਮਕੋਣ (right angles) (d) ਸਰਲ ਕੋਣ (straight angles)

2) ਹੇਠ ਲਿਖਿਆ ਵਿੱਚੋਂ ਕਿਹੜੀਆਂ ਇੱਕ ਤ੍ਰਿਭੁਜ ਦੀਆਂ ਭੁਜਾਵਾਂ ਹੋ ਸਕਦੀਆਂ ਹਨ।

**Which of the following** can be sides of a triangle.

(a) 2cm, 2cm, 5cm (b) 3cm, 2cm, 5cm

(c) 1cm, 2cm, 5cm (d) 2cm, 3cm, 4cm

3) ਇੱਕ ਤ੍ਰਿਭੁਜ ਦੇ ਤਿੰਨਾਂ ਅੰਦਰੂਨੀ ਕੋਣਾਂ ਦਾ ਜੋੜ...........ਹੁੰਦਾ ਹੈ।

In a triangle sum of three interior angles is ................

(a) $90^0$ (b) $360^0$ (c) $180^0$ (d) $100^0$

4) $\Delta ABC$ ਵਿੱਚ, ਜੇਕਰ $\angle B = 50^0$ ਅਤੇ $\angle C = 62^0$ ਹੋਣ ਤਾਂ $\angle A = ?$

In $\Delta ABC$, If $\angle B = 50^0$ and $\angle C = 62^0$ then $\angle A = ?$

(a) $75^0$ (b) $68^0$ (c) $58^0$ (d) $48^0$

5) ਜੇਕਰ ਇੱਕ ਸਮਦੋਭੁਜੀ ਤ੍ਰਿਭੁਜ ਦੇ ਬਰਾਬਰ ਕੋਣਾਂ ਵਿੱਚੋਂ ਇੱਕ ਕੋਣ $45^0$ ਹੈ ਤਾਂ ਇਸਦਾ ਤੀਸਰਾ ਕੋਣ ਪਤਾ ਕਰੋ।

One of the equal angle of an isosceles triangle is $45^0$, Find the third angle.

(a) $45^0$ ( b) $60^0$ (c) $100^0$ (d) $90^0$

6) ਹੇਠ ਦਿੱਤੇ ਕੋਣਾਂ ਦੇ ਕਿਹੜੇ ਮਾਪਾਂ ਨਾਲ ਤਿਕੋਣ ਸੰਭਵ ਹੈ?

With which of the following measure of angles a triangle is possible?

(a) $30^0, 40^0, 100^0$ (b) $60^0, 60^0, 70^0$

(c) $60^0, 50^0, 70^0$ (d) $90^0, 89^0, 92^0$

7) ਜੇਕਰ ਤ੍ਰਿਭੁਜ ਦੇ ਕੋਣ $35^0, 35^0, 110^0$ ਹੋਣ ਤਾਂ ਇਹ ਕਿਹੜੀ ਤ੍ਰਿਭੁਜ ਹੈ?

If angles of a triangle are $35^0, 35^0, 110^0$, Which type of triangle this is?

(a) ਸਮਦੋਭੁਜੀ (Isosceles) (b) ਸਮਭੁਜੀ ਤ੍ਰਿਭੁਜ ( Equilateral)

(c) ਬਿਖਮਭੁਜੀ (scalene) (d) ਸਮਕੋਣ ਤ੍ਰਿਭੁਜ (Right angled)

8) ਇੱਕ ਤ੍ਰਿਭੁਜ ਦੀਆਂ ਕਿੰਨੀਆ ਮੱਧਿਕਾਵਾਂ ਹੋ ਸਕਦੀਆਂ ਹਨ?

How many median a triangle can have?


(a) 1 (b) 2 (c) 3 (d) 4

9) **ਸਮਾਂਤਰ ਚਤਰਭੁਜ ਦੀਆਂ ਸਮਮਿਤੀ ਰੇਖਾਵਾਂ ਦੀ ਗਿਣਤੀ ਕੀ ਹੈ?**

How many lines of symmetry does a parallelogram have?

(a) 3 (b) 1 (c) 2 (d) 0

10) ਦਿੱਤੇ ਗਏ ਚਿੱਤਰ ਵਿੱਚ ਸਮਮਿਤੀ ਰੇਖਾਵਾਂ ਦੀ ਗਿਣਤੀ ਕਿੰਨੀ ਹੈ?



How many numbers of symmetrical lines in the following figure?

(a) 0 (b) 4

(c) 1 (d) 8

11) ਹੇਠ ਲਿੱਖਿਆਂ ਵਿੱਚੋਂ ਕਿਸ ਅੰਗ੍ਰੇਜੀ ਵਰਣਮਾਲਾ ਦੇ ਅੱਖਰ ਦੀ ਖੜਵੀਂ ਸਮਮਿਤੀ ਰੇਖਾ ਹੈ?

Which of the following English alphabet have vertical line of symmetry?

(a) H (b) C (c) E (d) P

12) ਅੰਗ੍ਰੇਜੀ ਵਰਣਮਾਲਾ ਦੇ ਅੱਖਰ 'S' ਦੀ ਘੁੰਮਣ ਸਮਮਿਤੀ ਦਾ ਕ੍ਰਮ ਕੀ ਹੈ?

What is the order of rotational symmetry of English alphabet 'S'?

(a) 0 (b) 1 (c) 2 (d) 4

13) ਹੇਠ ਲਿੱਖਿਆਂ ਵਿੱਚੋਂ, ਕਿਹੜੀ ਆਕ੍ਰਿਤੀ ਦੀ ਸਮਮਿਤੀ ਰੇਖਾ ਅਤੇ ਘੁੰਮਣ ਸਮਮਿਤੀ ਦਾ ਕ੍ਰਮ 2 ਤੋਂ ਜਿਆਦਾ ਹੈ?

Which of the following figure have line Symmetry and rotational symmetry of order more than 2 ?

(a) **ਸਮਦੋਭੁਜੀ ਤ੍ਰਿਭੁਜ** (Isosceles triangle) (b) **ਸਮਚਤਰਭੁਜ** (Rhombus)

(c) **ਸਮਾਂਤਰ ਚਤਰਭੁਜ** (Parallelogram) (d) **ਵਰਗ** (Square)

14) ਚੱਕਰ ਦੀ ਸਮਮਿਤੀ ਰੇਖਾ ਦਾ ਦੂਸਰਾ ਨਾਂ ਕੀ ਹੈ?




The other name of line of symmetry in a circle is:

(a) ਚਾਪ (Arc) (b) ਅਰਧ ਵਿਆਸ (Radius)

(c) ਚੱਕਰ ਖੰਡ (Sector) (d) ਵਿਆਸ (Diameter)

15) ਹੇਠ ਲਿੱਖਿਆਂ ਵਿੱਚੋਂ ਕਿਸ ਦੀ ਘੁੰਮਣ ਸਮਮਿਤੀ ਦਾ ਕ੍ਰਮ ਦੋ ਤੋ ਵੱਧ ਹੈ:

Which of the following has rotational symmetry of order more than two?

(a)  (b)  (c)  (d) ਇਹ ਸਾਰੀਆਂ ਦਾ (All of these)

16) ਸਮਦੋਭੁਜੀ ਤ੍ਰਿਭੁਜ ਲਈ ਸਮਮਿਤੀ ਰੇਖਾ ਦਾ ਦੂਸਰਾ ਨਾਂ ਕੀ ਹੈ?

What is the other name of line of symmetry of an isosceles triangle?

(a) ਭੁਜਾ (Side) (b) ਅਰਧ ਵਿਆਸ (Radius)

(c) ਕੋਣ Angle) (d) ਮੱਧਿਕਾ ( Median)

17) ਇੱਕ ਵਰਗ ਦੀ ਆਪਣੇ ਕੇਂਦਰ 'ਤੇ ਘੁੰਮਣ ਸਮਮਿਤੀ ਦਾ ਕ੍ਰਮ 4 ਹੈ।ਇਸ ਦਾ ਘੁੰਮਣ ਕੋਣ ਕੀ ਹੋਵੇਗਾ?

A square has a rotational symmetry of order 4 about its centre, what is the angle of rotation?


(a) $90^0$ (b) $45^0$ (c) $180^0$ (d) $270^0$

18) ਆਇਤ ਅਤੇ ਚੱਕਰ ਦੀਆ ਸਮਮਿਤੀ ਰੇਖਾਵਾਂ ਅਤੇ ਘੁੰਮਣ ਸਮਮਿਤੀ ਦਾ ਕ੍ਰਮ ਲਿਖੋ।

Write number of lines of symmetry and order of rotational symmetry of Rectangle and circle.


19) ਦਿੱਤੇ ਚਿੱਤਰ ਵਿੱਚ ਅਗਿਆਤ ਭੁਜਾ ਦੀ ਲੰਬਾਈ ਪਤਾ ਕਰੋ।

Find unknown side in the given figure.





20) ਇੱਕ 15m ਲੰਬੀ ਪੌੜੀ ਨੂੰ ਦੀਵਾਰ ਤੋਂ 12m ਉਚਾਈ ਤੇ ਇੱਕ ਖਿੜਕੀ ਤੇ ਲਗਾਇਆ ਗਿਆ ਹੈ।ਪੌੜੀ ਦਾ ਹੇਠਲਾ ਸਿਰਾ ਦੀਵਾਰ ਤੋਂ 'a' ਇਕਾਈ ਦੂਰ ਹੈ। ਪੌੜੀ ਦੀ ਦੀਵਾਰ ਤੋਂ ਦੂਰੀ ਪਤਾ ਕਰੋ।

A 15m long ladder reached a window 12m high from the ground on placing it against a wall at a distance 'a'. Find the distance of the foot of the ladder from the wall.




21) ਦਿੱਤੇ ਚਿੱਤਰ ਵਿੱਚ y ਦਾ ਮੁੱਲ ਪਤਾ ਕਰੋ।

Find the value of y in the given figure.




22) ਦਿੱਤੇ ਚਿੱਤਰ ਵਿੱਚ x ਅਤੇ y ਦਾ ਮੁੱਲ ਪਤਾ ਕਰੋ।

Find the value of x and y in the given figure.

